# ਐਕਸੈਸੇਬਲ ਬੀ.ਸੀ. ਐਕਟ:

# 2022/2023

# ਤਰੱਕੀ ਦੀ ਰਿਪੋਰਟ

# ਵਿਸ਼ਾ-ਵਸਤੂ


ਐਕਸੈਸੇਬਲ ਬੀ.ਸੀ. ਐਕਟ: 2022/2023 ਤਰੱਕੀ ਦੀ ਰਿਪੋਰਟ 4

ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ 5

ਪਹੁੰਚਯੋਗਤਾ ਬਾਰੇ ਪਲੈਨ 6

ਐਕਸੈਸੇਬਿਲਟੀ ਦੇ ਮਿਆਰਾਂ ਦਾ ਵਿਕਾਸ 7

ਐਕਸੈਸੇਬਲ ਬੀ.ਸੀ. ਰੈਗੂਲੇਸ਼ਨ 8

ਪਹੁੰਚਯੋਗਤਾ ਦੇ ਹਫਤੇ ਦੀ ਮਾਨਤਾ 9

ਪਹੁੰਚਯੋਗਤਾ ਬਾਰੇ ਰਾਇ ਜਾਣਨ ਦਾ ਸਾਧਨ 10

ਆਦਿਵਾਸੀ ਸ਼ਮੂਲੀਅਤ 11

ਪਹੁੰਚਯੋਗਤਾ ਬਾਰੇ ਰਾਸ਼ਟਰੀ ਸਹਿਯੋਗ ਨੂੰ ਵਧਾਉਣ ਲਈ ਬੀ ਸੀ ਦੀ ਲੀਡਰਸ਼ਿਪ 12

ਅੰਤਿਕਾ 1: ਪਹੁੰਚਯੋਗਤਾ ਬਾਰੇ ਰਾਇ ਜਾਣਨ ਦy ਸਾਧਨ ਤੋਂ ਮਿਲੀ ਜਾਣਕਾਰੀ 13

# ਐਕਸੈਸੇਬਲ ਬੀ.ਸੀ. ਐਕਟ: 2022/2023 ਤਰੱਕੀ ਦੀ ਰਿਪੋਰਟ

*ਐਕਸੈਸੇਬਲ ਬ੍ਰਿਟਿਸ਼ ਕੋਲੰਬੀਆ ਐਕਟ* (ਐਕਟ) ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਆਪਣੇ ਇਲਾਕਿਆਂ ਵਿਚ ਪੂਰੀ ਅਤੇ ਬਰਾਬਰ ਸ਼ਮੂਲੀਅਤ ਲਈ ਰੁਕਾਵਟਾਂ ਦੀ ਪਛਾਣ ਕਰਨ, ਰੁਕਾਵਟਾਂ ਹਟਾਉਣ ਅਤੇ ਉਨ੍ਹਾਂ ਤੋਂ ਰੋਕਥਾਮ ਕਰਨ ਲਈ ਡਿਸਏਬਿਲਟੀਜ਼ (ਅਪਾਹਜਤਾਵਾਂ) ਵਾਲੇ ਲੋਕਾਂ ਨਾਲ ਰਲ ਕੇ ਕੰਮ ਕਰਨ ਵਾਸਤੇ ਸਰਕਾਰ ਲਈ ਇਕ ਕਾਨੂੰਨੀ ਚੌਖਟਾ ਸਥਾਪਤ ਕਰਦਾ ਹੈ। ਐਕਟ ਦੇ ਸੈਕਸ਼ਨ 6 ਮੁਤਾਬਕ, ਇਹ ਰਿਪੋਰਟ ਐਕਟ ਅਤੇ ਇਸ ਦੇ ਨਿਯਮਾਂ ਨੂੰ ਲਾਗੂ ਕਰਨ ਲਈ ਮਨਿਸਟਰੀ ਅਤੇ ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ (ਐਕਸੈਸੇਬਿਲਟੀ ਕਮੇਟੀ -ਪੀ ਏ ਸੀ) ਵਲੋਂ 2022/23 ਵਿੱਤੀ ਸਾਲ ਵਿਚ ਲਏ ਗਏ ਐਕਸ਼ਨਾਂ ਬਾਰੇ ਦੱਸਦੀ ਹੈ। ਸਰਕਾਰ ਭਰ ਵਿਚ ਐਕਸੈਸੇਬਿਲਟੀ (ਪਹੁੰਚਯੋਗਤਾ) ਦੀਆਂ ਤਰਜੀਹਾਂ ਬਾਰੇ ਜ਼ਿਆਦਾ ਜਾਣਕਾਰੀ ਲਈ, ਸਰਕਾਰ ਦੀ ਤਿੰਨ ਸਾਲਾ ਪਹੁੰਚਯੋਗਤਾ ਬਾਰੇ ਪਲੈਨ (ਐਕਸੈਸੇਬਿਲਟੀ ਪਲੈਨ), ਐਕਸੈਸੇਬਲ ਬੀ ਸੀ `ਤੇ ਵਿਚਾਰ ਕਰੋ।

# ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ

ਰਿਪੋਰਟ ਦੇਣ ਦੇ ਸਮੇਂ ਦੌਰਾਨ, ਪੀ ਏ ਸੀ, ਤਿੰਨ ਵਾਰੀ ਮਿਲੀ: ਮਈ, ਅਕਤੂਬਰ, ਅਤੇ ਫਰਵਰੀ ਵਿਚ। ਸਰਕਾਰ ਨੇ ਵੱਖ ਵੱਖ ਤਰਜੀਹਾਂ ਬਾਰੇ ਵੀ ਪੀ ਏ ਸੀ ਦੀ ਰਾਇ ਮੰਗੀ, ਜਿਨ੍ਹਾਂ ਵਿਚ ਸ਼ਾਮਲ ਹਨ:

- ਸਰਕਾਰ ਦੀ ਪਹੁੰਚਯੋਗਤਾ ਬਾਰੇ ਪਲੈਨ, ਐਕਸੈਸੇਬਲ ਬੀ ਸੀ ਦੀ ਤਿਆਰੀ
- ਸਰਕਾਰ ਦੇ ਪਹੁੰਚਯੋਗਤਾ ਬਾਰੇ ਰਾਇ ਦੇਣ ਦੇ ਸਾਧਨ (ਐਕਸੈਸੇਬਿਲਟੀ ਫੀਡਬੈਕ ਟੂਲ) ਦੀ ਤਿਆਰੀ
- ਉਹ ਸਿਧਾਂਤ ਜਿਹੜੇ ਐਕਸੈਸੇਬਿਲਟੀ ਮਿਆਰਾਂ ਲਈ ਵਰਤੇ ਜਾਣੇ ਚਾਹੀਦੇ ਹਨ
- ਐਕਸੈਸੇਬਿਲਟੀ ਸਟੈਂਡਰਡਜ਼ ਟੈਕਨੀਕਲ ਕਮੇਟੀਆਂ ਦੇ ਤਜਵੀਜ਼ਸ਼ੁਦਾ ਆਦੇਸ਼।

**ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ** ਸਰਕਾਰ ਨੂੰ ਐਕਟ ਲਾਗੂ ਕਰਨ ਬਾਰੇ ਸਲਾਹ ਦਿੰਦੀ ਹੈ ਅਤੇ ਨਵੇਂ ਐਕਸੈਸੇਬਿਲਟੀ ਮਿਆਰ ਤਿਆਰ ਕਰਨ ਵਿਚ ਸੇਧ ਦਿੰਦੀ ਹੈ। ਕਮੇਟੀ ਦੀ ਸਥਾਪਨਾ ਦਸੰਬਰ 2021 ਵਿਚ ਕੀਤੀ ਗਈ ਸੀ।

# ਪਹੁੰਚਯੋਗਤਾ ਬਾਰੇ ਪਲੈਨ

ਮਈ 2022 ਵਿਚ (ਪਹੁੰਚਯੋਗਤਾ **ਦੇ** ਹਫਤੇ ਦੌਰਾਨ), ਸਰਕਾਰ ਨੇ ਐਕਸੈਸੇਬਿਲਟੀ ਬੀ ਸੀ: ਬੀ ਸੀ ਦੀ 2022/23-2024/25 ਲਈ ਐਕਸੈਸੇਬਿਲਟੀ ਪਲੈਨ ਜਾਰੀ ਕੀਤੀ। ਇਹ ਪਲੈਨ ਸਰਕਾਰ ਦੇ ਉਨ੍ਹਾਂ ਉੱਦਮਾਂ ਅਤੇ ਉੱਚ-ਪੱਧਰੀ ਤਰਜੀਹਾਂ ਨੂੰ ਉਜਾਗਰ ਕਰਦੀ ਹੈ ਜਿਹੜੇ ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਰੁਕਾਵਟਾਂ ਦੀ ਪਛਾਣ ਕਰਨ, ਰੋਕਥਾਮ ਕਰਨ ਅਤੇ ਹਟਾਉਣ ਵਿਚ ਮਦਦ ਕਰਦੇ ਹਨ। ਇਹ ਪਲੈਨ ਪੀ ਏ ਸੀ ਦੀ ਰਾਇ ਨਾਲ ਸਰਕਾਰ ਦੀਆਂ ਮਨਿਸਟਰੀਆਂ ਵਿਚ ਅੰਦਰੂਨੀ ਸ਼ਮੂਲੀਅਤ ਨਾਲ ਤਿਆਰ ਕੀਤੀ ਗਈ ਸੀ।

# ਐਕਸੈਸੇਬਿਲਟੀ ਦੇ ਮਿਆਰਾਂ ਦਾ ਵਿਕਾਸ

ਮਈ 2022 ਵਿਚ – ਪੀ ਏ ਸੀ ਦੀ ਰਾਇ ਨਾਲ – ਮਨਿਸਟਰ ਨੇ ਇਹ ਐਲਾਨ ਕੀਤਾ ਕਿ ਐਕਟ ਹੇਠ ਪਹੁੰਚਯੋਗਤਾ ਦੇ ਮੁਢਲੇ ਮਿਆਰ ਤਿਆਰ ਕਰਨ ਲਈ ਕੰਮ ਸ਼ੁਰੂ ਹੋ ਜਾਵੇਗਾ ਅਤੇ ਇਹ ਕਿ ਪਹਿਲੇ ਮਿਆਰ ਰੁਜ਼ਗਾਰ ਦੇ ਖੇਤਰਾਂ ਵਿਚ ਪਹੁੰਚਯੋਗਤਾ ਅਤੇ ਸਰਵਿਸ ਦੀ ਪਹੁੰਚਯੋਗ ਡਲਿਵਰੀ ਦੇ ਖੇਤਰਾਂ ਵਿਚ ਹੋਣਗੇ। ਸਰਕਾਰ ਨੇ ਤਜਵੀਜ਼ਸ਼ੁਦਾ ਰੁਜ਼ਗਾਰ ਦੇ ਖੇਤਰਾਂ ਵਿਚ ਪਹੁੰਚਯੋਗਤਾ ਅਤੇ ਸਰਵਿਸ ਦੀ ਪਹੁੰਚਯੋਗ ਡਲਿਵਰੀ ਲਈ ਸਿਫਾਰਸ਼ਾਂ ਤਿਆਰ ਕਰਨ ਵਿਚ ਪੀ ਏ ਸੀ ਦੀ ਮਦਦ ਲਈ ਸਲਾਹਕਾਰੀ ਕਮੇਟੀਆਂ ਬਣਾਈਆਂ। ਰੁਜ਼ਗਾਰ ਲਈ ਪਹੁੰਚਯੋਗਤਾ ਅਤੇ ਸਰਵਿਸ ਦੀ ਪਹੁੰਚਯੋਗ ਡਲਿਵਰੀ ਲਈ ਟੈਕਨੀਕਲ ਕਮੇਟੀਆਂ ਦੇ ਮੈਂਬਰਾਂ ਨੂੰ ਦਸੰਬਰ 2022 ਵਿਚ ਨਿਯੁਕਤ ਕੀਤਾ ਸੀ। ਸਰਵਿਸ ਦੀ ਪਹੁੰਚਯੋਗ ਡਲਿਵਰੀ ਬਾਰੇ ਟੈਕਨੀਕਲ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ ਜਨਵਰੀ 2023 ਵਿਚ ਕੀਤੀ।

**ਟੈਕਨੀਕਲ ਕਮੇਟੀਆਂ** ਮਨਿਸਟਰ ਲਈ ਸਿਫਾਰਸ਼ਾਂ ਤਿਆਰ ਕਰਨ ਵਿਚ ਪੀ ਏ ਸੀ ਦੀ ਮਦਦ ਕਰਕੇ ਮਿਆਰ ਤਿਆਰ ਕਰਨ ਦੇ ਕਾਰਜ ਵਿਚ ਇਕ ਸਮੁੱਚਾ ਰੋਲ ਨਿਭਾਉਂਦੀਆਂ ਹਨ। ਹਰ ਮਿਆਰ ਵਿਚ ਇਕ ਸਮਰਪਿਤ ਟੈਕਨੀਕਲ ਕਮੇਟੀ ਹੈ ਜੋ ਕਿ ਵੱਖ ਵੱਖ ਤਰ੍ਹਾਂ ਦੇ ਤਜਰਬਿਆਂ ਵਾਲੇ 15 ਲੋਕਾਂ ਤੋਂ ਬਣੀ ਹੋਈ ਹੁੰਦੀ ਹੈ ਜਿਸ ਦਾ ਮਕਸਦ ਬ੍ਰਿਟਿਸ਼ ਕੋਲੰਬੀਆ ਦੀ ਵੰਨ-ਸੁਵੰਨਤਾ ਦਾ ਅਕਸ ਦਿਖਾਉਣਾ ਹੈ।

# ਐਕਸੈਸੇਬਲ ਬੀ.ਸੀ. ਰੈਗੂਲੇਸ਼ਨ

ਅਪਰੈਲ 2022 ਵਿਚ, ਸਰਕਾਰ ਨੇ ਐਕਟ ਦੇ ਹਿੱਸਾ 3 ਦੇ ਮੰਤਵਾਂ ਲਈ 750 ਤੋਂ ਵੱਧ ਜਨਤਕ ਖੇਤਰ ਦੀਆਂ ਸੰਸਥਾਵਾਂ ਲਈ ਇਕ ਰੈਗੂਲੇਸ਼ਨ ਅਪਣਾਇਆ। ਸਤੰਬਰ 2022 ਤੋਂ, ਇਨ੍ਹਾਂ ਸੰਸਥਾਵਾਂ ਕੋਲ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ, ਪਹੁੰਚਯੋਗਤਾ ਬਾਰੇ ਪਲੈਨ ਅਤੇ ਲੋਕਾਂ ਦੀ ਰਾਇ ਜਾਣਨ ਦਾ ਸਾਧਨ ਬਣਾਉਣ ਲਈ ਘੱਟੋ ਘੱਟ ਇਕ ਸਾਲ ਹੈ।

ਸਰਕਾਰ ਨੇ ਟੂਲਜ਼, ਵਸੀਲੇ ਅਤੇ ਹੋਰ ਮਦਦਾਂ ਤਿਆਰ ਕਰਨ ਲਈ ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਨੂੰ 3 ਮਿਲੀਅਨ ਡਾਲਰ ਦਿੱਤੇ ਹਨ ਤਾਂ ਜੋ ਨਿਯਮਾਂ ਦੀ ਪਾਲਣਾ ਕਰਨ ਵਿਚ ਇਨ੍ਹਾਂ ਸੰਸਥਾਵਾਂ ਦੀ ਮਦਦ ਕੀਤੀ ਜਾ ਸਕੇ।

ਐਕਸੈਸੇਬਲ ਬੀ ਸੀ ਰੈਗੂਲੇਸ਼ਨ ਵਿਚ ਨਿਸ਼ਚਿਤ **ਸੰਸਥਾਵਾਂ** ਵਿਚ ਇਹ ਸ਼ਾਮਲ ਹਨ:

- ਮਿਊਨਿਸਪਲ ਪੁਲੀਸ ਡਿਪਾਰਟਮੈਂਟ
- ਮਿਊਨਿਸਪਲਟੀਆਂ
- ਪੋਸਟ-ਸੈਕੰਡਰੀ ਪੜ੍ਹਾਈ ਕਰਵਾਉਣ ਵਾਲੀਆਂ ਸੰਸਥਾਵਾਂ
- ਪਬਲਿਕ ਲਾਇਬਰੇਰੀਆਂ
- ਰੀਜਨਲ ਡਿਸਟ੍ਰਿਕਟ
- ਸਕੂਲ ਡਿਸਟ੍ਰਿਕਟ

# ਪਹੁੰਚਯੋਗਤਾ ਦੇ ਹਫਤੇ ਦੀ ਮਾਨਤਾ

2022 ਵਿਚ, ਸੂਬੇ ਨੇ 29 ਮਈ ਤੋਂ ਲੈ ਕੇ 4 ਜੂਨ ਤੱਕ ਪਹੁੰਚਯੋਗਤਾ ਦਾ ਹਫਤਾ ਮਨਾਇਆ। 2022 ਦੇ ਪਹੁੰਚਯੋਗਤਾ ਦੇ ਹਫਤੇ ਦੌਰਾਨ, ਸਰਕਾਰ ਨੇ ਪਹੁੰਚਯੋਗਤਾ ਅਤੇ ਸ਼ਮੂਲੀਅਤ ਵਿਚ ਸੁਧਾਰ ਕਰਨ ਲਈ ਕਮਿਊਨਟੀ ਗਰਾਂਟਾਂ ਵਿਚ 500,000 ਡਾਲਰ ਦਿੱਤੇ। ਇਹ ਗਰਾਂਟਾਂ ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਰਾਹੀਂ ਦਿੱਤੀਆਂ ਜਾਣਗੀਆਂ ਅਤੇ ਇਨ੍ਹਾਂ ਦੀ ਵਰਤੋਂ ਸੂਬੇ ਭਰ ਦੇ ਸਥਾਨਕ ਐਕਸੈਸੇਬਿਲਟੀ ਪ੍ਰੋਜੈਕਟਾਂ ਦੀ ਮਦਦ ਕਰਨ ਲਈ ਕੀਤੀ ਜਾਵੇਗੀ। ਬੀ.ਸੀ. ਆਧਾਰਿਤ 12 ਨੌਨ-ਪ੍ਰੌਫਿਟ ਸੰਸਥਾਵਾਂ ਨੂੰ 40,000 ਡਾਲਰ ਤੱਕ ਦੀਆਂ ਗਰਾਂਟਾਂ ਮਿਲੀਆਂ ਹਨ। ਗਰਾਂਟਾਂ ਲੈਣ ਵਾਲੇ ਬੀ.ਸੀ. ਭਰ ਦੇ ਭਾਈਚਾਰਿਆਂ ਵਿਚ ਵੱਖ ਵੱਖ ਪ੍ਰੋਜੈਕਟ ਦੇਣਗੇ, ਜੋ ਕਿ ਪੇਂਡੂ ਭਾਈਚਾਰਿਆਂ ਵਿਚ ਸਮਾਜਿਕ ਮੇਲਜੋਲ ਨੂੰ ਵਧਾਉਣ ਤੋਂ ਲੈ ਕੇ ਐਮਰਜੰਸੀ ਲਈ ਤਿਆਰੀ ਦੀਆਂ ਪਲੈਨਾਂ ਦੀ ਪਹੁੰਚਯੋਗਤਾ ਵਿਚ ਵਾਧੇ ਤੱਕ ਵੱਖ ਵੱਖ ਹੋਣਗੇ।

**ਪਹੁੰਚਯੋਗਤਾ ਦਾ ਹਫਤਾ** ਹਰ ਵਿਅਕਤੀ ਦੀ ਆਪਣੇ ਭਾਈਚਾਰੇ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਵਿਚ ਮਦਦ ਕਰਨ ਲਈ ਸ਼ਮੂਲੀਅਤ ਅਤੇ ਪਹੁੰਚਯੋਗਤਾ ਨੂੰ ਉਤਸ਼ਾਹ ਦਿੰਦਾ ਹੈ। ਇਹ ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਦੀ ਹਿਮਾਇਤ ਕਰਨ ਵਾਲੇ ਲੋਕਾਂ ਅਤੇ ਸੰਸਥਾਵਾਂ ਦੇ ਯਤਨਾਂ ਵਿਚ ਮਦਦ ਕਰਨ ਅਤੇ ਇਨ੍ਹਾਂ ਵੱਲ ਧਿਆਨ ਦਿਵਾਉਣ ਦਾ ਵੀ ਇਕ ਮੌਕਾ ਹੈ।

# ਪਹੁੰਚਯੋਗਤਾ ਬਾਰੇ ਰਾਇ ਜਾਣਨ ਦਾ ਸਾਧਨ

ਐਕਟ ਹੇਠ ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ, ਸਰਕਾਰ ਨੇ ਅਕਤੂਬਰ 2022 ਵਿਚ ਪਹੁੰਚਯੋਗਤਾ ਬਾਰੇ
ਰਾਇ ਜਾਣਨ ਦਾ ਸਾਧਨ ਸ਼ੁਰੂ ਕੀਤਾ। ਇਹ ਸਾਧਨ ਲੋਕਾਂ ਨੂੰ ਉਨ੍ਹਾਂ ਰੁਕਾਵਟਾਂ ਦੀ ਰਿਪੋਰਟ ਕਰਨ ਦਿੰਦਾ ਹੈ ਜਿਨ੍ਹਾਂ ਦਾ ਅਨੁਭਵ ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਲੈਣ ਵੇਲੇ ਹੋਇਆ ਹੈ। ਐਕਸੈਸੇਬਿਲਟੀ ਡਾਇਰੈਕਟੋਰੇਟ ਮਿਲੀ ਰਾਇ ਦੀ ਵਰਤੋਂ ਰੁਕਾਵਟਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਕਰਨ, ਡੈਟਾ ਸਾਂਝਾ ਕਰਨ ਅਤੇ ਬੀ.ਸੀ. ਵਿਚ ਪਹੁੰਚਯੋਗਤਾ ਵਿਚ ਸੁਧਾਰ ਕਰਨ ਲਈ ਭਾਈਵਾਲਾਂ ਨਾਲ ਕੰਮ ਕਰਨ ਵਾਸਤੇ ਕਰੇਗਾ।

ਟੂਲ ਜੈਂਡਰ-ਬੇਸਡ ਅਨੈਲਸਿਸ ਪਲੱਸ (ਜੀ ਬੀ ਏ +) ਲੈਨਜ਼ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਸੀ ਅਤੇ ਇਹ ਪਹੁੰਚਯੋਗਤਾ ਦੀਆਂ ਵਿਆਪਕ ਚੋਣਾਂ ਨੂੰ ਸ਼ਾਮਲ ਕਰਦਾ ਹੈ ਅਤੇ ਇਨਡਿਜਨੀਟੀ, ਨਸਲ ਅਤੇ ਐਥਨੇਸਿਟੀ `ਤੇ ਸੇਧ ਲਈ ਡੈਕਲਾਰੇਸ਼ਨ ਔਨ ਦਿ ਰਾਈਟਸ ਔਫ ਇਨਡਿਜਨੈਸ ਪੀਪਲਜ਼ ਐਕਟ (ਡੀ ਆਰ ਆਈ ਪੀ ਏ) ਦੀ ਪਾਲਣਾ ਕਰਦਾ ਹੈ। ਇਹ ਸਾਧਨ ਜਵਾਬ ਦੇਣ ਵਾਲਿਆਂ ਨੂੰ ਆਪਣੇ ਤਜਰਬੇ ਬਾਰੇ ਦੱਸਣ ਲਈ ਵੀਡਿਓ, ਆਡਿਓ ਅਤੇ ਇਮੇਜ ਫਾਇਲਾਂ ਦੀ ਵਰਤੋਂ ਕਰਨ ਦੀ ਆਗਿਆ ਵੀ ਦਿੰਦਾ ਹੈ ਅਤੇ ਇਹ ਕਈ ਜ਼ਬਾਨਾਂ ਵਿਚ ਉਪਲਬਧ ਹੈ।

ਪਹੁੰਚਯੋਗਤਾ ਬਾਰੇ  ਰਾਇ ਜਾਣਨ ਦy ਸਾਧਨ ਤੋਂ ਮਿਲੀ ਜਾਣਕਾਰੀ ਦਾ ਇਕ ਸਾਰ ਅੰਤਿਕਾ 1 ਵਿਚ ਦਿੱਤਾ ਗਿਆ ਹੈ।

# ਆਦਿਵਾਸੀ ਸ਼ਮੂਲੀਅਤ

ਸਰਕਾਰ ਨੇ ਆਦਿਵਾਸੀ ਲੋਕਾਂ ਦੇ ਹੱਕਾਂ ਬਾਰੇ ਯੂਨਾਈਟਿਡ ਨੇਸ਼ਨਜ਼ ਦੇ ਐਲਾਨਨਾਮੇ ਨਾਲ ਕਾਨੂੰਨ ਨੂੰ ਮੇਲਣ ਲਈ ਐਕਟ ਦੀ ਤਿਆਰੀ ਵਿਚ ਆਦਿਵਾਸੀ ਲੋਕਾਂ ਨੂੰ ਸ਼ਾਮਲ ਕੀਤਾ। ਸਰਕਾਰ ਨੇ ਐਕਟ ਨੂੰ ਲਾਗੂ ਕਰਨ ਲਈ ਆਦਿਵਾਸੀ ਭਾਈਵਾਲਾਂ ਨਾਲ ਲਗਾਤਾਰ ਗੱਲਬਾਤ ਕਰਨ ਦਾ ਵਚਨ ਦਿੱਤਾ ਹੈ ਜਿਵੇਂ ਕਿ ਬੀ.ਸੀ. ਦੇ ਡੈਕਲਾਰੇਸ਼ਨ ਐਕਟ ਐਕਸ਼ਨ ਪਲੈਨ 2022-2027 ਦੇ ਐਕਸ਼ਨ 4.9 ਵਿਚ ਦੱਸਿਆ ਗਿਆ ਹੈ। ਇਸ ਵਚਨਬੱਧਤਾ ਦੇ ਹਿੱਸੇ ਵਜੋਂ, ਸਰਕਾਰ ਨੇ ਪੌਲਸੀ ਤਿਆਰ ਕਰਨ ਵਿਚ ਸ਼ਾਮਲ ਹੋਣ ਅਤੇ ਜਾਣਕਾਰੀ ਦੇਣ ਲਈ ਲਈ ਵੱਖ ਵੱਖ ਚੋਣਾਂ ਪੇਸ਼ ਕਰਨ ਲਈ ਆਦਿਵਾਸੀ ਹੱਕਾਂ ਵਾਲੇ ਲੋਕਾਂ ਅਤੇ ਸੰਸਥਾਵਾਂ ਨਾਲ ਸੰਪਰਕ ਕੀਤਾ ਹੈ। ਇਨ੍ਹਾਂ ਚੋਣਾਂ ਵਿਚ, ਸਰਕਾਰੀ ਸਟਾਫ ਵਲੋਂ ਮੀਟਿੰਗਾਂ ਜਾਂ ਪੇਸ਼ਕਾਰੀਆਂ, ਪੌਲਸੀ ਦੀ ਤਿਆਰੀ ਲਈ ਜਾਣਕਾਰੀ ਲੈਣ ਲਈ ਵਰਕਿੰਗ ਸੈਸ਼ਨ, ਅਤੇ/ਜਾਂ ਸੇਧ ਦੇਣ ਵਾਲੇ ਸਵਾਲਾਂ ਦੇ ਆਧਾਰ `ਤੇ ਲਿਖਤੀ ਵਿਚਾਰ ਦਰਜ ਕਰਵਾਉਣਾ ਸ਼ਾਮਲ ਹਨ।

# ਪਹੁੰਚਯੋਗਤਾ ਬਾਰੇ ਰਾਸ਼ਟਰੀ ਸਹਿਯੋਗ ਨੂੰ ਵਧਾਉਣ ਲਈ ਬੀ ਸੀ ਦੀ ਲੀਡਰਸ਼ਿਪ

ਸਤੰਬਰ 2022 ਵਿਚ, ਬੀ.ਸੀ. ਸਰਕਾਰ ਨੇ ਐਕਸੈਸੇਬਿਲਟੀ ਦੇ ਮਿਆਰਾਂ ਬਾਰੇ ਐਕਸੈਸੇਬਿਲਟੀ ਸਟੈਂਡਰਡਜ਼ ਕੈਨੇਡਾ ਨਾਲ ਕੈਨੇਡਾ ਦੇ ਪਹਿਲੇ ਪੈਨ-ਕੈਨੇਡੀਅਨ ਫੋਰਮ ਦੀ ਸਹਿ-ਪ੍ਰਧਾਨਗੀ ਕਰਨ ਦਾ ਸੱਦਾ ਪ੍ਰਵਾਨ ਕੀਤਾ। ਫੋਰਮ ਨੇ ਦੇਸ਼ ਵਿਚ ਪਹੁੰਚਯੋਗਤਾ ਦੇ ਮਿਆਰਾਂ ਦੀ ਸਾਂਝੀ ਸਮਝ ਵਿਸਕਤ ਕਰਨ ਅਤੇ ਵੱਖ ਵੱਖ ਇਲਾਕਿਆਂ ਦੇ ਯਤਨਾਂ ਦਾ ਤਾਲਮੇਲ ਕਰਨ ਲਈ ਕੈਨੇਡਾ ਭਰ ਦੇ ਸੂਬਿਆਂ ਅਤੇ ਟੈਰੀਟਰੀਜ਼ ਦੇ ਅਧਿਕਾਰੀਆਂ ਨੂੰ ਇਕੱਠਾ ਕੀਤਾ। ਪਹੁੰਚਯੋਗਤਾ ਦੇ ਮਿਆਰ ਵਿਕਸਤ ਕਰਨ ਲਈ ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਕੰਮ ਕਰਨ ਵੇਲੇ ਤਾਲਮੇਲ ਅਤੇ ਸਹਿਯੋਗ ਕਰਨ ਲਈ ਮਈ 2022 ਵਿਚ, ਸਰਕਾਰ ਨੇ ਐਕਸੈਸੇਬਿਲਟੀ ਸਟੈਂਡਰਡਜ਼ ਕੈਨੇਡਾ ਨਾਲ ਇਕ ਐਗਰੀਮੈਂਟ `ਤੇ ਦਸਖਤ ਵੀ ਕੀਤੇ।

# ਅੰਤਿਕਾ 1: ਪਹੁੰਚਯੋਗਤਾ ਬਾਰੇ ਰਾਇ ਜਾਣਨ ਦy ਸਾਧਨ ਤੋਂ ਮਿਲੀ ਜਾਣਕਾਰੀ

**(ਅਕਤੂਬਰ 2022 - ਮਾਰਚ 2023)**

| ਰੁਕਾਵਟਾਂ ਦਾ ਸਾਹਮਣਾ ਕਰ ਰਹੇ ਜਵਾਬ ਦੇਣ ਵਾਲੇ | ਦਰਜ ਵਿਚਾਰਾਂ ਦੀ ਗਿਣਤੀ | ਪ੍ਰਤੀਸ਼ਤ (%) |
|---|---|---|
| ਰੁਕਾਵਟਾਂ ਦਾ ਸਾਹਮਣਾ ਕਰ ਰਹੇ ਵਿਅਕਤੀ | 52 | 58 |
| ਕਿਸੇ ਹੋਰ ਦੀ ਤਰਫੋਂ ਲਿਖਣ ਵਾਲੇ | 19 | 21 |
| ਮਾਪਾ ਜਾਂ ਗਾਰਡੀਅਨ | 6 | 7 |
| ਪਰਿਵਾਰ ਦਾ ਮੈਂਬਰ | 4 | 4 |
| ਸਰਕਾਰੀ ਮੁਲਾਜ਼ਮ | 4 | 4 |
| ਹੋਰ | 4 | 4 |
| ਹਿਮਾਇਤੀ | 1 | 1 |
| ਖਾਲੀ ਛੱਡਿਆ | 18 | 20 |

***ਨੋਟ:*** ਰਾਊਂਡਿੰਗ ਕਾਰਨ ਪ੍ਰਤੀਸ਼ਤਾਂ ਕੁੱਲ 100 ਨਹੀਂ ਹੋ ਸਕਦੀਆਂ ਹਨ।

| ਕਿਸਮ ਮੁਤਾਬਕ ਪਛਾਣੀਆਂ ਗਈਆਂ ਰੁਕਾਵਟਾਂ | | |
|---|---|---|
| **ਸ਼੍ਰੇਣੀ** | **ਜ਼ਿਕਰ ਕੀਤੇ ਜਾਣ ਦੇ ਸਮੇਂ ਦੀ ਗਿਣਤੀ** | **ਇਸ ਰੁਕਾਵਟ ਦੀ ਪਛਾਣ ਕਰਨ ਵਾਲੇ ਵਿਚਾਰਾਂ ਦੀ ਪ੍ਰਤੀਸ਼ਤ** (%) |
| ਸੇਵਾਵਾਂ ਦੀ ਡਲਿਵਰੀ | 40 | 45 |
| ਬਣਿਆ ਮਾਹੌਲ | 28 | 31 |
| ਜਾਣਕਾਰੀ ਅਤੇ ਗੱਲਬਾਤ | 24 | 27 |
| ਸਿਹਤ | 20 | 22 |
| ਰਿਹਾਇਸ਼ | 12 | 13 |
| ਟ੍ਰਾਂਸਪੋਰਟੇਸ਼ਨ | 12 | 13 |
| ਪੜ੍ਹਾਈ | 11 | 12 |
| ਰੁਜ਼ਗਾਰ | 10 | 11 |

***ਨੋਟ:*** ਵਿਚਾਰ ਅਨੇਕਾਂ ਰੁਕਾਟਵਾਂ ਦੀ ਪਛਾਣ ਕਰ ਸਕਦੇ ਹਨ।

| **ਸਥਾਨ** | **ਜਵਾਬ ਦੇਣ ਵਾਲਿਆਂ ਦੀ ਗਿਣਤੀ** | **ਪ੍ਰਤੀਸ਼ਤ** (%) |
|---|---|---|
| ਲੋਅਰ ਮੇਨਲੈਂਡ | 24 | 27 |
| ਵੈਨਕੂਵਰ ਆਈਲੈਂਡ | 22 | 25 |
| ਸਾਊਦਰਨ ਇਨਟੀਰੀਅਰ | 9 | 10 |
| ਨੌਰਥ | 9 | 10 |
| ਖਾਲੀ ਛੱਡਿਆ | 23 | 26 |

| ਉਹ ਮਨਿਸਟਰੀਆਂ ਜਿਨ੍ਹਾਂ ਨਾਲ ਫੀਡਬੈਕ ਸੰਬੰਧਿਤ ਹੈ | ਜ਼ਿਕਰ ਕੀਤੇ ਜਾਣ ਦੇ ਸਮੇਂ ਦੀ ਗਿਣਤੀ | ਇਸ ਮਨਿਸਟਰੀ ਦੀ ਪਛਾਣ ਕਰਨ ਵਾਲੇ ਵਿਚਾਰਾਂ ਦੀ ਪ੍ਰਤੀਸ਼ਤ (%) |
|---|---|---|
| ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ | 21 | 24 |
| ਮਨਿਸਟਰੀ ਔਫ ਹੈਲਥ | 18 | 20 |
| ਮਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫ੍ਰਾਸਟਰੱਕਚਰ | 15 | 17 |
| ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼ | 9 | 10 |
| ਪਬਲਿਕ ਸਰਵਿਸ ਏਜੰਸੀ | 6 | 7 |
| ਮਨਿਸਟਰੀ ਔਫ ਐਜੂਕੇਸ਼ਨ ਐਂਡ ਚਾਇਲਡ ਕੇਅਰ | 5 | 6 |
| ਮਨਿਸਟਰੀ ਔਫ ਇਨਵਾਇਰਮੈਂਟਲ ਐਂਡ ਕਲਾਈਮੇਟ ਚੇਂਜ ਸਟਰੈਟਜੀ | 5 | 6 |
| ਮਨਿਸਟਰੀ ਔਫ ਮਿਊਨਿਸਪਲ ਅਫੇਅਰਜ਼ | 5 | 6 |
| ਮਨਿਸਟਰੀ ਔਫ ਹਾਊਜ਼ਿੰਗ | 4 | 4 |
| ਮਨਿਸਟਰੀ ਔਫ ਮੈਂਟਲ ਹੈਲਥ ਐਂਡ ਅਡਿਕਸ਼ਨਜ਼ | 2 | 2 |
| ਮਨਿਸਟਰੀ ਔਫ ਪੋਸਟ-ਸੈਕੰਡਰੀ ਐਜੂਕੇਸ਼ਨ ਐਂਡ ਫਿਊਚਰ ਸਕਿਲਜ਼ | 2 | 2 |
| ਮਨਿਸਟਰੀ ਔਫ ਪਬਲਿਕ ਸੇਫਟੀ | 2 | 2 |

| | | |
|---|---|---|
| ਐਂਡ ਸੋਲਿਸਟਰ ਜਨਰਲ | | |
| ਮਨਿਸਟਰੀ ਔਫ ਅਟਾਰਨੀ ਜਨਰਲ | 1 | 1 |
| ਮਨਿਸਟਰੀ ਔਫ ਫਾਇਨੈਂਸ | 1 | 1 |
| ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ | 1 | 1 |
| ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ | 1 | 1 |

***ਨੋਟ:*** ਵਿਚਾਰ ਕਈ ਮਨਿਸਟਰੀਆਂ ਦੀ ਪਛਾਣ ਕਰ ਸਕਦੇ ਹਨ।